

Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org

# ਖਾਲਿਸਤਾਨ ਕਾਲਿੰਗ

## ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ. ਸੀ. ਦੀ ਕਲਮ ਤੋਂ

---

## ਅਮਰੀਕਾ ਦੀਆਂ 34 ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵਲੋਂ ਚੀਨ ਦੇ ਵਾਸ਼ਿੰਗਟਨ ਡੀ.ਸੀ. ਵਿਚਲੇ ਅੰਬੈਸਡਰ ਮਿਸਟਰ ਚਾਊ ਵੈਨਜਾਂਗ ਨੂੰ, ਅਮਰੀਕਾ ਦੇ ਪ੍ਰਸਿੱਧ ਅਖਬਾਰ 'ਵਾਸ਼ਿੰਗਟਨ ਟਾਈਮਜ਼' ਰਾਹੀਂ ਜ਼ਰੂਰੀ ਅਪੀਲ–

## 17 ਅਪ੍ਰੈਲ ਨੂੰ ਦਿੱਲੀ ਜਾ ਰਹੀ ਉਲੰਪਿਕ ਮਿਸ਼ਾਲ ਦਾ ਰਸਤਾ ਬਦਲਿਆ ਜਾਵੇ ਕਿਉਂਕਿ ਦਿੱਲੀ ਦੇ ਹਾਕਮਾਂ ਦੇ ਹੱਥ ਸਿੱਖਾਂ ਦੇ ਖੂਨ ਨਾਲ ਰੰਗੇ ਹੋਏ ਹਨ!

ਇਸ ਦਿੱਲੀ ਵਿੱਚ ਹੀ, ਨਵੰਬਰ 1984 ਵਿੱਚ 10 ਹਜ਼ਾਰ ਬੇਗੁਨਾਹ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਦਾ, ਸਰਕਾਰੀ ਹੁਕਮਾਂ ਨਾਲ ਕਤਲੇਆਮ ਕੀਤਾ ਗਿਆ ਸੀ!

ਅਪੀਲ ਵਿੱਚ ਨਵੰਬਰ–1984 ਦੇ ਸਿੱਖ ਕਤਲੇਆਮ ਦੀ ਤੁਲਨਾ, 13 ਦਸੰਬਰ, 1937 ਨੂੰ ਜਪਾਨੀਆਂ ਵਲੋਂ, ਚੀਨ ਦੀ ਉਦੋਂ ਦੀ ਰਾਜਧਾਨੀ–ਨੈਨਕਿੰਗ ਵਿੱਚ ਕੀਤੇ ਗਏ ਕਤਲੇਆਮ ਨਾਲ ਕੀਤੀ ਗਈ!

ਵਾਸ਼ਿੰਗਟਨ (ਡੀ. ਸੀ.) 9 ਅਪ੍ਰੈਲ, 2008 – ਆਰਥਿਕ ਅਤੇ ਮਿਲਟਰੀ ਪੱਖੋ, ਅਮਰੀਕਾ ਦੇ ਮੁਕਾਬਲੇ ਉਭਰ ਰਹੀ ਸੁਪਰ ਪਾਵਰ ਚੀਨ ਦੇ ਹਾਕਮ, ਉਲੰਪਿਕ ਖੇਡਾਂ ਦੀ ਆੜ ਵਿੱਚ, ਪੱਛਮੀ–ਸਾਜ਼ਿਸ਼ ਦਾ ਸ਼ਿਕਾਰ ਹੋ ਰਹੇ ਹਨ, ਜਿਸ ਲਈ ਤਿੱਬਤ ਨੂੰ ਮੋਹਰੇ ਵਜੋਂ ਵਰਤਿਆ ਜਾ ਰਿਹਾ ਹੈ। ਭਾਰਤੀ ਨੀਤੀ–ਘਾੜੇ ਵੀ ਇਸ ਸਾਜ਼ਿਸ਼ ਦੇ ਮੁੱਖ ਸਰਗਨਿਆਂ ਵਿੱਚੋਂ ਹਨ। ਭਾਰਤ ਦੇ ਸਾਬਕਾ ਅੰਬੈਸਡਰ ਅਤੇ ਵਿਦੇਸ਼ ਸਕੱਤਰ ਕੰਵਲ ਸਿੱਬਲ ਨੇ ਤਾਂ 'ਆਊਟਲੁੱਕ ਮੈਗਜ਼ੀਨ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਇਥੋਂ ਤੱਕ ਕਿਹਾ ਹੈ ਕਿ – 'ਚੀਨ ਨਾਲ ਬਾਰਡਰ–ਝਗੜੇ ਦਾ ਹੱਲ ਕਰਨ ਲਈ ਸਾਨੂੰ ਜ਼ੋਰਦਾਰ ਤਰੀਕੇ ਨਾਲ ਤਿੱਬਤ – ਕਾਰਡ ਖੇਡਣਾ ਚਾਹੀਦਾ ਹੈ। ਜਦੋਂ ਤੱਕ ਚੀਨ ਨੂੰ ਝਟਕਾ ਨਹੀਂ ਦਿੱਤਾ ਜਾਂਦਾ, ਉਹ ਬਾਰਡਰ ਝਗੜੇ ਨੂੰ ਹੱਲ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਵਿਖਾਏਗਾ।'

ਭਾਵੇਂ ਉਲੰਪਿਕ ਖੇਡਾਂ, ਬੀਜਿੰਗ (ਚੀਨ ਦੀ ਰਾਜਧਾਨੀ) ਵਿੱਚ ਅਗਸਤ ਦੇ ਮਹੀਨੇ ਵਿੱਚ ਹੋਣੀਆਂ ਹਨ, ਪਰ ਦੁਨੀਆ ਵਿੱਚ ਸਦਭਾਵਨਾ ਤੇ ਏਕਤਾ ਵਧਾਉਣ ਦੀ ਮਨਸ਼ਾ ਨਾਲ ਖੇਡਾਂ ਤੋਂ ਪਹਿਲਾਂ ਉਲੰਪਿਕ ਮਸ਼ਾਲ ਨੂੰ ਦੁਨੀਆ ਦੇ ਚੋਣਵੇਂ 19 ਦੇਸ਼ਾਂ ਵਿੱਚ ਲਿਜਾਣ ਦਾ ਚੀਨ ਵਲੋਂ ਕੀਤਾ ਗਿਆ ਫੈਸਲਾ, ਉਸ ਲਈ ਬੜਾ 'ਘਾਤਕ' ਸਾਬਤ ਹੋ ਰਿਹਾ ਹੈ। ਲੰਡਨ, ਪੈਰਿਸ, ਅੰਕਾਰਾ, ਸੈਨ ਫਰਾਂਸਿਸਕੋ ਆਦਿ ਸ਼ਹਿਰਾਂ ਵਿੱਚ ਹੋਏ ਜ਼ੋਰਦਾਰ ਵਿਖਾਵਿਆਂ ਨੇ, (ਜਿਨ੍ਹਾਂ ਦੌਰਾਨ ਉਲੰਪਿਕ ਕਈ ਵਾਰ ਬੁਝੀ) ਚੀਨ ਦੇ ਅਕਸ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਚੀਨ ਨੇ ਮਸ਼ਾਲ ਦੀ ਅਗੇਤੀ ਯਾਤਰਾ ਨੂੰ ਰੱਦ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ ਅਤੇ ਉਸ ਨੇ ਹਿੰਸਾ ਕਰਨ ਵਾਲਿਆਂ ਨੂੰ ਸਖਤ ਤਾੜਨਾ ਵੀ ਕੀਤੀ ਹੈ। ਚੀਨ ਵਲੋਂ, ਤਿੱਬਤ ਦੇ ਰਸਤੇ ਇਸ ਮਸ਼ਾਲ ਨੂੰ ਮਾਊਂਟ ਐਵਰੈਸਟ (ਦੁਨੀਆ ਦੀ ਸਭ ਤੋਂ ਉੱਚੀ ਚੋਟੀ) 'ਤੇ ਵੀ ਲਿਜਾਇਆ ਜਾਣਾ ਹੈ। 16 ਅਗਸਤ ਨੂੰ ਇਹ ਮਸ਼ਾਲ ਪਾਕਿਸਤਾਨ ਪਹੁੰਚੇਗੀ ਅਤੇ 17 ਅਗਸਤ ਨੂੰ ਇਸ ਦੇ ਦਿੱਲੀ ਵਿੱਚ ਪਹੁੰਚਣ ਅਤੇ ਮਾਰਚ ਕਰਨ ਦੀ ਯੋਜਨਾ ਹੈ।

ਅਸੀਂ ਤਿੱਬਤੀਆਂ ਸਮੇਤ ਦੁਨੀਆ ਦੇ ਅੱਡ–ਅੱਡ ਹਿੱਸਿਆਂ ਵਿੱਚ ਧਾਰਮਿਕ, ਸੱਭਿਆਚਾਰਕ, ਰਾਜਸੀ 'ਆਜ਼ਾਦੀ' 'ਖੁਦ–ਮੁਖਤਿਆਰੀ' ਲਈ ਜੂਝ ਰਹੇ ਲੋਕਾਂ, ਕੌਮਾਂ, ਕਬੀਲਿਆਂ ਦੀਆਂ ਉਮੰਗਾਂ ਦੇ ਹਮੇਸ਼ਾ ਹਮਾਇਤੀ ਰਹੇ ਹਾਂ ਅਤੇ ਅੱਜ ਵੀ ਇਸ ਪੱਖ ਤੋਂ ਸਾਡਾ ਸਟੈਂਡ ਸਪੱਸ਼ਟ ਹੈ। ਪਰ ਜਿਸ ਤਰੀਕੇ ਨਾਲ ਭਾਰਤੀ ਹਾਕਮ, ਪੱਛਮੀ ਤਾਕਤਾਂ ਦੇ ਸਹਿਯੋਗ ਨਾਲ 'ਤਿੱਬਤ ਕਾਰਡ' ਖੇਡ ਰਹੇ ਹਨ, ਉਹ ਤਿੱਬਤੀ ਲੋਕਾਂ ਨਾਲ ਇੱਕ ਦੰਭਪੁਣੇ ਅਤੇ ਫਰੇਬ ਤੋਂ ਵਧ ਕੇ ਕੁਝ ਨਹੀਂ ਹੈ। ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ, ਜਿਸ ਵਿੱਚ ਖੁਦ ਸੌ ਛੇਕ ਹਨ। ਜਿਸ ਭਾਰਤ ਨੇ 'ਲੋਕਤੰਤਰ' ਦੇ ਨਾਂ ਥੱਲੇ, ਸਿੱਖਾਂ, ਕਸ਼ਮੀਰੀਆਂ, ਨਾਗਿਆਂ, ਮਿਜ਼ੋਆਂ, ਅਸਾਮੀਆਂ, ਮਣੀਪੁਰੀਆਂ ਆਦਿ ਦੀਆਂ ਰਾਜਸੀ ਉਮੰਗਾਂ ਦਾ ਨਸਲਕੁਸ਼ੀ ਦੇ ਜ਼ੋਰ ਨਾਲ ਗਲਾ ਘੁੱਟਿਆ ਹੋਇਆ ਹੈ – ਉਹ ਤਿੱਬਤ ਪ੍ਰਤੀ ਕਿੰਨਾ ਕੁ ਸੁਹਿਰਦ ਹੋਵੇਗਾ? ਅਸੀਂ ਸਮਝਦੇ ਹਾਂ ਕਿ ਭਾਵੇਂ ਦਲਾਈਲਾਮਾ ਅਤੇ ਤਿੱਬਤੀਆਂ ਦੇ ਕੇਸ ਨੂੰ ਥੋੜ੍ਹ–ਚਿਰੀ ਪਬਲੀਸਿਟੀ ਤਾਂ ਜ਼ਰੂਰ ਮਿਲ ਰਹੀ ਹੈ ਪਰ 'ਮੋਹਰੇ' ਵਜੋਂ ਵਰਤੇ ਜਾ ਕੇ, ਉਹ ਆਪਣੇ ਕਾਜ਼ ਦਾ ਨੁਕਸਾਨ ਹੀ ਕਰ ਰਹੇ ਹਨ। ਇਨ੍ਹਾਂ ਅਖੀਰਲੀਆਂ ਘਟਨਾਵਾਂ ਦੇ ਪ੍ਰਤੀਕਰਮ ਵਜੋਂ ਚੀਨ ਦਾ ਦਲਾਈਲਾਮਾ ਪ੍ਰਤੀ ਰੁਖ ਹੋਰ ਵੀ ਕਰੜਾ ਹੋਇਆ ਹੈ ਅਤੇ ਨੇੜਲੇ ਭਵਿੱਖ ਵਿੱਚ ਚੀਨ ਵਲੋਂ ਦਲਾਈਲਾਮਾ ਨਾਲ ਕੋਈ ਅਰਥਭਰਪੂਰ ਗੱਲਬਾਤ ਕਰਨ ਦੀਆਂ ਸੰਭਾਵਨਾਵਾਂ ਹੋਰ ਵੀ ਮੱਧਮ ਹੋ ਗਈਆਂ ਹਨ।

ਸਾਊਥ ਏਸ਼ੀਆ ਦੇ ਬਦਲੇ ਰਾਜਸੀ ਧਰਾਤਲ ਵਿੱਚ, ਸਿੱਖ ਕੌਮ ਦੇ ਹਾਨ–ਲਾਭਾਂ ਨੂੰ ਵਿਚਾਰਦਿਆਂ, ਅਮਰੀਕਾ ਵਾਸੀ ਖਾਲਸਾ ਜੀ ਨੇ ਇਸ ਮੁੱਦੇ 'ਤੇ ਇੱਕ ਯਥਾਰਥਕ ਅਤੇ ਸੰਤੁਲਤ ਪਹੁੰਚ ਅਪਣਾਈ ਹੈ। ਅਮਰੀਕਾ ਦੇ ਪੂਰਬੀ ਤੱਟ ਤੋਂ ਪੱਛਮੀ ਤੱਟ ਤੱਕ, ਸਿੱਖਾਂ ਦੀ ਨੁਮਾਇੰਦਗੀ ਕਰਦੀਆਂ 34 ਗੁਰਦੁਆਰਾ ਕਮੇਟੀਆਂ ਅਤੇ ਆਜ਼ਾਦੀ ਪਸੰਦ ਸਿੰਘ ਜਥੇਬੰਦੀਆਂ ਨੇ ਚੀਨ ਦੇ ਵਾਸ਼ਿੰਗਟਨ (ਡੀ. ਸੀ.) ਵਿਚਲੇ ਅੰਬੈਸਡਰ ਮਿਸਟਰ ਚਾਊ ਵੈਨਜਾਂਗ ਨੂੰ, ਵਾਸ਼ਿੰਗਟਨ ਟਾਈਮਜ਼ ਅਖਬਾਰ ਰਾਹੀਂ ਕੀਤੀ ਇੱਕ ਜ਼ਰੂਰੀ ਅਪੀਲ ਵਿੱਚ, 17 ਅਪਰੈਲ ਨੂੰ ਦਿੱਲੀ ਜਾ ਰਹੀ 'ਉਲੰਪਿਕ' ਮਿਸ਼ਾਲ ਦੇ ਰੂਟ ਨੂੰ ਬਦਲਣ ਦੀ ਮੰਗ ਕੀਤੀ ਹੈ। 9 ਅਪਰੈਲ ਨੂੰ ਵਾਸ਼ਿੰਗਟਨ ਟਾਈਮਜ਼ ਅਖਬਾਰ ਦੇ ਐਡੀਟੋਰੀਅਲ ਪੰਜ (ਇੰਟਰਨੈਟ ਐਡੀਸ਼ਨ 'ਤੇ ਵੀ ਇਸ ਲਿਖਤ ਨੂੰ 9–10–11 ਅਪਰੈਲ ਤੱਕ ਪੜ੍ਹਿਆ ਜਾ ਸਕਦਾ ਹੈ) 'ਤੇ ਪ੍ਰਕਾਸ਼ਤ ਇਸ ਐਡ ਵਿੱਚ ਕਿਹਾ ਗਿਆ ਹੈ ਕਿ ਇਹ ਉਹ ਹੀ ਦਿੱਲੀ ਹੈ, ਜਿੱਥੇ ਨਵੰਬਰ '84 ਵਿੱਚ 10 ਹਜ਼ਾਰ ਬੇਗੁਨਾਹ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਦਾ ਸਰਕਾਰੀ ਹੁਕਮਾਂ ਨਾਲ ਕਤਲੇਆਮ ਕੀਤਾ ਗਿਆ ਸੀ।

## ਵਾਸ਼ਿੰਗਟਨ ਟਾਈਮਜ਼ ਵਿਚਲੀ ਲਿਖਤ ਦਾ ਪੰਜਾਬੀ ਅਨੁਵਾਦ ਇਸ ਪ੍ਰਕਾਰ ਹੈ -

“ਸਤਿਕਾਰਯੋਗ ਅੰਬੈਸਡਰ ਜੀ, ਪੰਜ ਲੱਖ ਸਿੱਖ ਅਮਰੀਕਨਾਂ ਵਲੋਂ ਅਸੀਂ ਹੇਠ ਲਿਖੀ ਜ਼ਰੂਰੀ ਅਪੀਲ ਆਪ ਜੀ ਦੇ ਧਿਆਨ ਗੋਚਰੇ ਕਰ ਰਹੇ ਹਾਂ।”

“ਉਲੰਪਿਕ ਟਾਰਚ, ਆਪਣੀ ਸੰਸਾਰ ਭਰ ਦੀ 130 ਦਿਨਾਂ ਦੀ ਸਦਭਾਵਨਾ ਯਾਤਰਾ ਦੌਰਾਨ ਮਿੱਥੇ ਪ੍ਰੋਗਰਾਮ ਅਨੁਸਾਰ 17 ਅਪਰੈਲ, 2008 ਨੂੰ ਦਿੱਲੀ ਪ੍ਰਵੇਸ਼ ਕਰੇਗੀ। ਇਸ ਟਾਰਚ ਦੀ ਦਿੱਲੀ ਵਿੱਚ ਮੌਜੂਦਗੀ ਸਿੱਖ ਹਿਰਦਿਆਂ ਲਈ ਨਵੰਬਰ - 1984 ਵਿੱਚ ਦਿੱਲੀ ਦੀਆਂ ਇਨ੍ਹਾਂ ਗਲੀਆਂ ਵਿੱਚ ਹੀ ਸਰਕਾਰੀ ਹੁਕਮਾਂ ਨਾਲ ਜ਼ਾਲਮਾਨਾ ਤਰੀਕੇ ਨਾਲ ਮੌਤ ਦੇ ਘਾਟ ਉਤਾਰੇ ਗਏ ਦਸ ਹਜ਼ਾਰ ਤੋਂ ਜ਼ਿਆਦਾ ਸਿੱਖ ਭਰਾਵਾਂ-ਭੈਣਾਂ ਦੀ ਦੁਖਦ ਯਾਦ ਨੂੰ, ਪੈਰਾਂ ਹੇਠ ਲਤਾੜਨ ਵਾਂਗ ਹੋਵੇਗੀ। ਨਵੰਬਰ 1984 ਦੀ ਸਿੱਖ ਨਸਲਕੁਸ਼ੀ ਉਦੋਂ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਇਸ਼ਾਰੇ ’ਤੇ ਭਾਰਤੀ ਸਟੇਟ ਵਲੋਂ ਕੀਤੀ ਗਈ ਸੀ।”

“ਪਿਛਲੇ 24 ਸਾਲਾਂ ਵਿੱਚ, ਦਿੱਲੀ ਵਿੱਚ ਰਾਜੀਵ ਗਾਂਧੀ ਤੋਂ ਲੈ ਕੇ ਮਨਮੋਹਨ ਸਿੰਘ ਤੱਕ ਦੀ ਅਗਵਾਈ ਵਿੱਚ ਇੱਕ ਦਰਜਨ ਹਕੂਮਤਾਂ ਬਦਲੀਆਂ ਪਰ ਨਵੰਬਰ-1984 ਦੇ ਕਤਲੇਆਮ ਲਈ ਨਾ ਹੀ ਕਿਸੇ ਨੂੰ ਦੋਸ਼ੀ ਬਣਾਇਆ ਗਿਆ ਅਤੇ ਨਾ ਹੀ ਸਜ਼ਾ-ਯਾਫਤਾ ਕੀਤਾ ਗਿਆ। ਇਸ ਸਚਾਈ ਅਤੇ ਜਾਣਕਾਰੀ ਦੇ ਬਾਵਜੂਦ ਕਿ ਪਹਿਲੀ ਨਵੰਬਰ ਤੋਂ ਤਿੰਨ ਨਵੰਬਰ ਤੱਕ ਹਿੰਦੂ ਭੀੜਾਂ ਨੇ, ਜਿਹਨਾਂ ਦੀ ਅਗਵਾਈ ਕਾਂਗਰਸੀ ਆਗੂ ਅਤੇ ਆਰ. ਐਸ. ਐਸ. ਦੇ ਖ਼ੂਨੀ ਬਦਮਾਸ਼ ਕਰ ਰਹੇ ਸਨ, ਹਜ਼ਾਰਾਂ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਘਰ-ਘਰ, ਗਲੀ-ਗਲੀ ਧੂਹ ਕੇ ਮਾਰਿਆ, ਜਿਉਂਦਿਆਂ ਸਾੜਿਆ - ਪਰ ਅੱਜ ਤੱਕ ਕੋਈ ਵੀ ਸਜ਼ਾ ਯਾਫਤਾ ਨਹੀਂ ਕੀਤਾ ਗਿਆ। ਉਦੋਂ ਰਾਜੀਵ ਗਾਂਧੀ ਦੀ ਕਾਤਲ ਸਰਕਾਰ ਨਾਲ ਮੀਡੀਏ ਅਤੇ ਜੁਡੀਸ਼ੀਅਰੀ ਨੇ ‘ਪੂਰੀ ਭਾਈਵਾਲੀ’ ਨਿਭਾਈ। ਕਿਉਂਕਿ ਮਹਾਨ ਚੀਨੀ ਲੋਕਾਂ ਨੇ 13 ਦਸੰਬਰ, 1937 ਨੂੰ ਇਹੋ ਜਿਹਾ ਹੀ ਖ਼ੂਨੀ, ਖ਼ੌਫਨਾਕ ਅਤੇ ਦਰਦਨਾਕ ‘ਨੈਨਕਿੰਗ ਕਤਲੇਆਮ’ ਆਪਣੇ ਪਿੰਡੇ ’ਤੇ ਹੰਢਾਇਆ ਹੋਇਆ ਹੈ - ਇਸ ਲਈ ਉਹ 26 ਮਿਲੀਅਨ ਸਿੱਖ ਕੌਮ (ਜਿਸ ’ਚੋਂ 3 ਮਿਲੀਅਨ ਭਾਰਤ ਦੇ ਨਕਸ਼ੇ ਦੀ ਕੈਦ ਤੋਂ ਬਾਹਰ ਪਰਦੇਸਾਂ ਵਿੱਚ ਵਸਦੇ ਹਨ ਅਤੇ 23 ਮਿਲੀਅਨ ਭਾਰਤੀ ਸਿਸਟਮ ਵਿੱਚ ਨਾ-ਖੁਸ਼ੀ ਦਾ ਜੀਵਨ ਜਿਉਂ ਰਹੇ ਹਨ) ਦੀ ਪੀੜ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ।”

“ਸਾਡੀ ਚੀਨ ਦੀ ਸਰਕਾਰ ਅਤੇ ਲੋਕਾਂ ਨੂੰ ਬੜੀ ਜ਼ਰੂਰੀ ਪਰ ਸਧਾਰਣ ਜਿਹੀ ਅਪੀਲ ਹੈ। ਸ੍ਰੀ ਮਾਨ ਜੀ, ਤੁਹਾਨੂੰ, ਚੀਨ ਦੀ ਸਰਕਾਰ ਦੇ ਨੁਮਾਇੰਦੇ ਹੋਣ ਦੇ ਨਾਤੇ ਅਸੀਂ ਸਤਿਕਾਰ ਪੂਰਵਕ ਜ਼ੋਰਦਾਰ ਬੇਨਤੀ ਕਰਦੇ ਹਾਂ ਕਿ ਉਲੰਪਿਕ ਮਸ਼ਾਲ ਨੂੰ ਦਿੱਲੀ ਭੇਜਣ ਤੋਂ ਰੋਕਣ ਲਈ ਫੌਰੀ ਕਦਮ ਉਠਾਏ ਜਾਣ। ਇਸ ਦਿੱਲੀ ਦੀਆਂ ਇਹ ਗਲੀਆਂ, 10 ਹਜ਼ਾਰ ਬੇਗੁਨਾਹ ਸਿੱਖਾਂ ਦੇ ਖ਼ੂਨ ਨਾਲ ਰੰਗੀਆਂ ਹੋਣ ਕਰਕੇ ਕਲੰਕਤ ਹਨ, ਇਸ ਲਈ ਇਸ ਸ਼ਹਿਰ ਨੂੰ ਉਲੰਪਿਕ ਮਸ਼ਾਲ ਦੀ ਮੇਜ਼ਬਾਨੀ ਕਰਨ ਦਾ ਸਨਮਾਨ ਨਾ ਦਿੱਤਾ ਜਾਏ!!”

ਉਪਰੋਕਤ ਅਪੀਲ ਦੇ ਹੇਠਾਂ ਸਪਾਂਸਰ ਕਰਨ ਵਾਲੀਆਂ 34 ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਨੂੰ ਇਸ ‘ਮਜ਼ਬੂਤ’ ਅਤੇ ‘ਸਹਿਯੋਗੀ’ ਕਦਮ ਲਈ ਮੁਬਾਰਕਵਾਦ ਦਿੰਦੇ ਹਾਂ ਅਤੇ ਸਭ ਦਾ ਧੰਨਵਾਦ ਵੀ ਕਰਦੇ ਹਾਂ।

---

**An urgent Appeal addressed to**
**His Excellency Mr. Zhou Wenzhong,**
**Ambassador of the People's Republic of China to the United States**

**A call to reroute the**
**Olympic Torch Relay away from Delhi, India, the infamous site of the November 1984 state-sponsored massacre of 10, 000 innocent Sikh men, women & children**

Respected Ambassador:

On behalf of the half million Sikh-Americans, we wish to submit the following for your kind consideration:

The Olympic torch is scheduled to pass through the streets of Delhi, on April 17, 2008, during its 130-day worldwide ‘journey of harmony’. Its presence there will trample on the sad memory of the brutal killings of over ten thousand fellow Sikhs on the same streets of Delhi, which took place during the November 1984 state-sponsored bloody pogrom. That was an act of state terror, let loose with a ‘wink and a nod’, by none other than, the then Indian Prime minister Rajiv Gandhi.

In the past twenty four years Delhi has seen a dozen governments (from Rajiv Gandhi to Manmohan Singh) come and go, but no one has been found guilty, nobody has been punished, for the heinous November 1984 crime. This, despite the fact that it is common knowledge that for three days – November 1 to 3, 1984 -- Hindu mobs, organized and led by prominent ruling Congress party leaders and RSS thugs, rampaged from house to house on the streets of Delhi, burning alive and murdering innocent Sikh men, women and children in the thousands. The then Rajiv Gandhi government, in Delhi, in cahoots with the judiciary and the media, chose to look the other way. The great Chinese people having endured a similar bloody pogrom during the ‘Nanking Massacre’, of December 13, 1937, will surely relate and empathize with the anguish of the world’s 26 million Sikhs – 3 million free and prosperous in the Diaspora and 23 million living unhappily in India.

**Our urgent appeal to the Chinese government and people is simple**. We respectfully urge you Sir, as their representative, to take immediate steps to deny the infamous city of Delhi the honor of hosting the Olympic Torch relay through its streets stained, as they are, with the blood of 10, 000 innocent Sikhs.

***Sponsored by the following Sikh Gurdwaras and Organizations***:-

**1.** Sikh Gurdwara, San Jose CA **2.** Gurdwara Sahib, Bradshaw Rd, Sacramento CA **3.** Guru Nanak Sikh Society, Washington Rd. Yuba city CA **4.** Gurdwara Sahib, Fremont CA **5.**Gurdwara Pacific Coast, Khalsa Diwan Society, Stockton CA **6.** Siri Guru Singh Sabha, Walnut CA **7.** Sikh Religious Society of Palatine, Chicago IL **8.** Singh Sabha of Michigan, Canton MI **9.** Gurdwara Singh Sabha, Kalamazoo MI **10.** Sikh Gurdwara of Greater Washington, VA **11.** Gurdwara Singh Sabha of N Texas, Dallas TX **12.** Sikh Center of Gulf Coast, Houston TX **13**. Gurdwara Singh Sabha of Washington, WA **NY, NJ & PA Gurdwaras:- 14.** Gurdwara Singh Sabha, Bridgewater NJ **15.** Gurdwara Sahib Khalsa Darbar, Burlongton NJ **16.** Guru Nanak Sikh Society of Delaware Valley, Deptford NJ **17.** Gurdwara Baba Makhan Shah Lubana Sikh Center, NY **18.** Sikh Association of Staten Island, NY **19.** Sikh Cultural Society, Richmond Hill **20.** Sikh Center, Flushing **21.** Sikh Center Bowne street **22.** Sant Sagar **23.** 222 St.Queen Village **24.** Dashmesh Darbar Cartret **25.** Singh Sabha Cartret **26.** Glen Rock **27.** Burlington Khalsa Darbar **28.** Philadelphia Sikh Society, PA **Sikh Organizations: 29.** Sikh Youth of America **30.** Shiromani Akali Dal Amritsar (America Region) **31.**Voices for Freedom **32.** Sikhs for Justice **33.** Baba Sangat Singh Sikh Society **34.** Dal Khalsa USA Unit.

**Contact: Dr. Amarjit Singh, 958 National Press Bldg. Washington DC 20045.**
Telephone 202-637-9212::Cell Phone: 917-821-7368 E-mail: kacwashdc@yahoo.com